# ਪੰਜਾਬ ਐਜੂਸੈਟ ਸੁਸਾਇਟੀ

ਈ. ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172- 5218801-16 ਈ-ਮੇਲ: edusat.punjab@punjabeducation.gov.in


ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ (ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਦੇ ਮੁਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: 24/40/2018/ਪੀ.ਈ.ਐਸ/ਸੈਕਟੋਰਲ ਕਮੇਟੀ/ ੫੨੫੫
ਮਿਤੀ: ੩੦ਮਾਰਚ, 2018.

**ਵਿਸ਼ਾ: ਸਕੂਲ ਸਿੱਖਿਆ ਵਿਭਾਗ ਦਾ ਨਵੇਂ ਵਿੱਦਿਅਕ ਸੈਸ਼ਨ (2018-19) ਲਈ ਐਜੂਸੈਟ ਪ੍ਰੋਗਰਾਮਾਂ ਦਾ ਟਾਈਮ ਟੇਬਲ.**

1.0 ਉਪਰੋਕਤ ਵਿਸ਼ੇ ਅਨੁਸਾਰ ਵਿੱਦਿਅਕ ਸੈਸ਼ਨ 2018-19 ਲਈ ਐਜੂਸੈਟ ਦੇ ਪ੍ਰੋਗਰਾਮਾਂ ਦਾ ਟਾਈਮ ਟੇਬਲ ਭੇਜਿਆ ਜਾ ਰਿਹਾ ਹੈ, ਜਿਸ ਵਿੱਚ 6ਵੀਂ ਤੋਂ 12ਵੀਂ ਜਮਾਤ ਤੱਕ ਦੇ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਲਈ ਨਸ਼ਰ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦਾ ਵੇਰਵਾ ਹੈ। ਸਮੂਹ ਸਬੰਧਤ ਸਕੂਲ ਮੁੱਖੀ ਐਜੂਸੈਟ ਟਾਈਮ ਟੇਬਲ ਦੇ ਅਨੁਸਾਰ ਆਪਣੇ ਸਕੂਲ ਦਾ ਟਾਈਮ ਟੇਬਲ ਤਿਆਰ ਕਰਨਗੇ।

1.1 ਇਸ ਵਿਦਿਅਕ ਸ਼ੈਸਨ ਦੇ ਟਾਈਮ ਟੇਬਲ ਵਿੱਚ ਫੀਲਡ ਵਿੱਚੋ ਪ੍ਰਾਪਤ ਸੁਝਾਵਾਂ ਦੇ ਮੱਦੇਨਜਰ ਹਿਊਮੈਨਟੀਜ਼ ਗਰੁੱਪ (11ਵੀਂ ਅਤੇ 12ਵੀ ਜਮਾਤਾਂ) ਦੇ ਲਈ ਕੁੱਝ ਤਬਦੀਲੀਆਂ ਕੀਤੀਆ ਗਈਆ ਹਨ ਅਤੇ ਇਹਨਾਂ ਵਿਦਿਆਰਥੀਆਂ ਲਈ ਵਿਸ਼ੇਸ ਕਿੱਤਾਮੁਖੀ ਟ੍ਰੇਨਿੰਗ ਪ੍ਰੋਗਰਾਮਾਂ (ਇੰਗਲਿਸ਼ ਸਕਿੱਲ ਡਿਵੈਲਪਮੈਂਟ, ਡਿਫੈਂਸ/ਪੁਲਿਸ, ਐਗਰੀ ਬਿਜ਼ਨਸ) ਲਈ ਟਾਈਮ ਸਲਾਟ ਦਾ ਉਪਬੰਧ ਕੀਤਾ ਗਿਆ ਹੈ।ਇਹਨਾਂ ਟ੍ਰੇਨਿੰਗ ਪ੍ਰੋਗਰਾਮਾਂ ਲਈ ਵਿਭਾਗ ਵੱਲੋ ਵੱਖਰੇ ਤੌਰ ਤੇ ਜਲਦ ਹੀ ਹਦਾਇਤਾਂ ਜਾਰੀ ਕੀਤੀਆਂ ਜਾਣਗੀਆ ਅਤੇ ਇਹਨਾਂ ਪ੍ਰੋਗਰਾਮ ਦੀ ਮੁਕੰਮਲ ਮੋਨੀਟਰਿੰਗ ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਟੀਮ/ਸਿੱਖਿਆ ਸੁਧਾਰ ਕਮੇਟੀਆਂ ਵੱਲੋ ਕੀਤੀ ਜਾਵੇਗੀ।

1.2 ਨਵੇ ਵਿੱਦਿਅਕ ਸੈਸ਼ਨ ਲਈ ਅਪ੍ਰੈਲ 2018 ਤੋਂ ਸਕੂਲ ਖੁੱਲਣ ਦੇ ਨਾਲ ਹੀ ਦਾਖਲਾ ਪ੍ਰੀਕ੍ਰਿਆ ਸ਼ੁਰੂ ਹੋ ਜਾਵੇਗੀ ਅਤੇ ਐਜੂਸੈਟ ਦੇ ਪ੍ਰੋਗਰਾਮ ਅਪ੍ਰੈਲ ਮਹੀਨੇ ਦੇ ਤੀਸਰੇ ਹਫਤੇ ਦੌਰਾਨ ਟਾਈਮ ਟੇਬਲ ਅਨੁਸਾਰ ਸ਼ੁਰੂ ਕੀਤੇ ਜਾ ਰਹੇ ਹਨ ਅਤੇ ਇਸ ਮਹੀਨੇ ਦਾ ਸ਼ਡਿਊਲ ਵੀ ਆਪਜੀ ਨੂੰ ਜਲਦੀ ਹੀ ਭੇਜਿਆ ਜਾ ਰਿਹਾ ਹੈ। ਕ੍ਰਿਪਾ ਕਰਕੇ ਸਬੰਧਤ ਵਿਦਿਆਰਥੀਆਂ ਅਤੇ ਵਿਸ਼ਾ ਅਧਿਆਪਕਾਂ ਨੂੰ ਇਸ ਸਬੰਧੀ ਪ੍ਰੋਗਰਾਮ ਅਟੈਂਡ ਕਰਨ ਲਈ ਜਾਣੂ ਕਰਵਾ ਕੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਵਾਈ ਜਾਵੇ।

1.3 ਐਜੂਸੈਟ ਪ੍ਰੋਗਰਾਮਾਂ ਅਨੁਸਾਰ ਵਿਦਿਆਰਥੀਆਂ ਦੀ ਰੋਜਾਨਾ ਹਾਜ਼ਰੀ ਲਈ ਰਜਿਸਟਰ ਲਗਾ ਲਿਆ ਜਾਵੇ, ਜਿਸ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ (ਭਾਗ ਲੈਣ ਵਾਲੇ/ਕੁੱਲ) ਅਤੇ ਵਿਸ਼ਾ ਅਧਿਆਪਕ ਦਾ ਨਾਮ ਹਾਜ਼ਰੀ ਅਨੁਸਾਰ ਦਰਜ ਕੀਤਾ ਜਾਵੇ।ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਵਿਦਿਆਰਥੀਆਂ ਅਤੇ ਵਿਸ਼ਾ ਅਧਿਆਪਕਾਂ ਦੁਆਰਾ ਪ੍ਰੋਗਰਾਮਾਂ ਦੀ ਮੁਲਾਂਕਣ ਰਿਪੋਰਟ ਅਤੇ

ਹੋਰ ਸੁਝਾਓ ਈ-ਮੇਲ edusat.punjab@punjabeducation.gov.in ਅਤੇ http://goo.gl/forms/FTN8oQjnpp ਲਿੰਕ ਰਾਹੀਂ ਭੇਜੇ ਜਾਣ।

1.4 ਸਕੂਲ ਮੁੱਖੀ ਹਰ ਰੋਜ ਐਜੂਸੈਟ ਰਜਿਸਟਰ ਵਿੱਚ ਕੀਤੇ ਇੰਦਰਾਜਾਂ ਨੂੰ ਤਸਦੀਕ ਕਰੇਗਾ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ੍ਹ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ।

**ਨੱਥੀ: ਟਾਈਮ ਟੇਬਲ 2018-19 (ਗਰਮੀ ਰੁੱਤ)**

**ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**

**ਪਿੱਠਅੰਕਣ ਨੰ.: 24/40/2018/ਪੀ.ਈ.ਐਸ/ਸੈਕਟੋਰਲ ਕਮੇਟੀ/**5245 **ਮਿਤੀ:** 30-03-18

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਪੀ.ਆਈ.(ਸੈ.ਸਿ) ਪੰਜਾਬ।
2. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
3. ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
4. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਨੋਟਿਸ ਬੋਰਡ ਅਤੇ ਵੈਬਸਾਈਟ ਤੇ ਉਪਲਬਧ ਕਰਾਉਣ ਹਿੱਤ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**